ਪੰਜਾਬੀ ਬਾਲ ਕਿਆਰੀ

ਦਰਜਾ ਦੂਜਾ

ਨੰਬਰ ੧

# ਝੂਠਾ ਦਾਹਵਾ

-ਲੇਖਕ-

ਸ: ਅਮਰ ਸਿੰਘ ਐਜੂਕੇਸ਼ਨ ਡੀਪਾਰਟਮੈਂਟ

-:ਪ੍ਰਕਾਸ਼ਕ:-

ਪੰਜਾਬੀ ਕਿਤਾਬ ਘਰ

ਅੰਮ੍ਰਿਤਸਰ

# ਮੇਲਾ

ਅੱਜ ਛਨਿਛਰ ਵਾਰ ਏ। ਪਿੰਡ ਦੇ ਮੁੰਡੇ ਕੁੜੀਆਂ ਕੱਲ੍ਹ ਲਾਗੇ ਦੇ ਸ਼ਹਿਰ ਮੇਲੇ ਤੇ ਜਾਣ ਦੀਆਂ ਤਿਆਰੀਆਂ ਕਰ ਰਹੇ ਨੇ। ਦਿਨ ਚੜ੍ਹਦੇ ਨਾਲ ਸਾਰੇ ਟੁਰ ਪੈਣਗੇ।

ਦੂਜੇ ਦਿਨ ਮੇਲੀ ਮੇਲੇ ਗਏ। ਸ਼ਹਿਰ ਪੁੱਜ ਕੇ ਕੀ ਵੇਖਦੇ ਨੇ ਕਿ ਮੇਲੇ ਵਿੱਚ ਖ਼ੂਬ ਗਹਿਮਾ ਗਹਿਮ ਏ ਤੇ ਮੋਢੇ ਨਾਲ ਮੋਢਾ ਪਿਆ ਖਹਿੰਦਾ ਹੈ। ਜਿਧਰ ਵੇਖੋ ਹੱਟੀਆਂ ਸਜੀਆਂ ਹੋਈਆਂ ਨੇ। ਕਿਧਰੇ ਹਲਵਾਈਆਂ ਦੀਆਂ ਹੱਟਾਂ ਨੇ, ਕਿਧਰੇ ਮਨਿਆਰੀ ਵਾਲੇ ਆਪਣੇ ਮਾਲ ਦਾ ਹੋਕਾ ਦੇਂਦੇ ਨੇ। ਸਾਰੇ ਮੁੰਡੇ ਕੁੜੀਆਂ ਹੱਟੀਆਂ ਵੇਖੀ ਜਾਂਦੇ ਸਨ। ਕੋਈ ਹਲਵਾਈ ਤੋਂ ਜਲੇਬੀਆਂ ਲੈਂਦਾ, ਕੋਈ ਸ਼ੱਕਰਪਾਰੇ, ਕੋਈ ਲੱਡੂ ਤੇ ਕੋਈ ਮਨਿਆਰ ਤੋਂ ਖਡੌਣੇ ਖਰੀਦਦਾ।

ਉਨ੍ਹਾਂ ਮੁੰਡਿਆਂ ਵਿੱਚ ਇੱਕ ਮੁੰਡਾ ਸੋਹਣ ਵੀ ਸੀ। ਮੇਲੇ ਵਾਲੇ ਦਿਨ ਹੀ ਉਸਦੀ ਵਰ੍ਹੇ ਗੰਢ ਸੀ। ਉਸਦੇ ਬਾਪੂ ਨੇ ਉਸਨੂੰ ਇੱਕ ਰੁਪਿਆ ਦੇ ਕੇ ਕਿਹਾ, 'ਵੇਖ ਸੋਹਣ ! ਇਹ ਰੁਪਿਆ ਤੈਨੂੰ ਤੇਰੀ ਵਰ੍ਹੇ ਗੰਢ ਦਾ ਮਿਲਿਆ ਹੈ। ਇਸਨੂੰ ਬੁੱਗੀ ਵਿੱਚ ਨਾ ਪਾ ਛੱਡੀਂ, ਇਸ ਦੀ ਕੋਈ ਚੰਗੀ ਜੇਹੀ ਚੀਜ਼ ਲਈਂ।' ਰੁਪਿਆ ਬੋਝੇ ਪਾਕੇ ਸੋਹਣ ਕੁਝ ਖਰੀਦਣ ਲਈ ਹੱਟਾਂ ਵੇਖਣ ਲੱਗਾ।

ਸੋਹਣ ਹਾਈਂ ਮਾਈਂ ਪੈਸਾ ਖਰਚਣ ਵਾਲਾ ਤਾਂ ਹੈ ਨਹੀਂ ਸੀ। ਉਸਨੇ ਕਈ ਹੱਟੀਆਂ ਵੇਖੀਆਂ ਪਰ ਕੋਈ ਸ਼ੈ ਉਸਦੇ ਪਸਿੰਦ ਨਾ ਆਈ। ਇੱਕ ਹੱਟੀ ਤੇ ਉਸਨੂੰ ਬੈਟ ਨਜ਼ਰ ਆਇਆ ਤੇ ਜਦ ਉਸਨੇ ਮੁੱਲ ਪੁੱਛਿਆ ਤਾਂ ਚੁੱਪ ਕਰ ਕੇ ਰੱਖ ਦਿੱਤਾ। ਬੈਟ ਦਾ ਮੁੱਲ ਤਿੰਨ ਰੁਪੈ ਸੀ ਤੇ ਉਸ ਕੋਲ ਇੱਕੋ ਰੁਪਿਆ ਸੀ। ਅੱਗੇ ਜਾ ਕੇ ਇੱਕ ਲਲਾਮੀਏ ਦੀ ਹੱਟੀ ਆਈ। ਉਥੇ ਕਈ ਤਰ੍ਹਾਂ ਦੀਆਂ ਚੀਜ਼ਾਂ ਲਲਾਮ ਹੁੰਦੀਆਂ ਸਨ। ਸੋਹਣ ਖਲੋ ਕੇ ਵੇਖਦਾ ਰਿਹਾ, ਪਰ ਕੋਈ ਸ਼ੈ ਉਸਦੇ ਮਤਲਬ ਦੀ ਨਾ ਨਿਕਲੀ। ਉਸ



ਲਲਾਮੀਏ ਕਈ ਚੀਜ਼ਾਂ ਵੇਚੀਆਂ। ਜੇਹੜੀ ਚੀਜ਼ ਕੱਢੇ ਉਸਦੀਆਂ ਤਰੀਫਾਂ ਕਰ ਕਰ ਕੇ ਨਾ ਥੱਕੇ। ਜਦ ਵੇਖਦਾ ਕਿ ਹੁਣ ਮੁੱਲ ਚੰਗਾ ਚੜ੍ਹ ਗਿਆ ਹੈ ਤਾਂ ਝੱਟ 'ਇਕ, ਦੋ, ਤੀਨ' ਕਰ ਕੇ ਮਾਲ ਬੋਲੀ ਦੇਣ ਵਾਲੇ ਦੇ ਹਵਾਲੇ ਕਰਦਾ ਤੇ ਪੈਸੇ ਖੀਸੇ ਪਾਂਦਾ।

ਸੋਹਣ ਉੱਥੇ ਖਲੋਤਾ ਵੇਖ ਰਿਹਾ ਸੀ ਕਿ ਪਿੱਛੋਂ ਕਿਸੇ ਨੇ ਆ ਕੇ ਉਸ ਦੇ ਮੋਢੇ ਤੇ ਹੱਥ ਰੱਖ ਕੇ ਕਿਹਾ, 'ਸੁਣਾ ਯਾਰ ਸੋਹਣ ! ਕੀ ਪਿਆ ਕਰਨਾ ਏਂ ?'

ਸੋਹਣ—ਆ ਮੋਹਣ ! ਤੂੰ ਕਿੱਥੇ ?

ਮੋਹਨ ਸੋਹਣ ਦਾ ਜਮਾਤੀ ਸੀ ਤੇ ਉਹ ਵੀ ਮੇਲੇ ਤੇ ਹੀ ਆਇਆ ਹੋਇਆ ਸੀ।

ਮੋਹਨ—ਯਾਰ ! ਜੇਹੜੀ ਛਾਪ ਹੁਣੇ ਲਲਾਮ ਹੋਈ ਸੀ ਉਹ ਸੋਨੇ ਦੀ ਤਾਂ ਨਹੀਂ ਸੀ ?

ਸੋਹਣ—ਮੈਨੂੰ ਪੱਕਾ ਯਕੀਨ ਏ, ਉਹ ਜ਼ਰੂਰ ਸੋਨੇ ਦੀ ਹੀ ਸੀ।

ਮੋਹਨ—ਵਾਹ, ਤੂੰ ਵੀ ਚੰਗਾ ਪਾਰਖੂ ਏਂ। ਕਦੀ ਸੋਨੇ ਦੀ ਛਾਪ ਵੀ ਦੋ ਰੁਪੱਯਾਂ ਨੂੰ ਵਿਕੀ ਏ ?

ਸੋਹਣ—(ਜਰਾ ਮੂੰਹ ਫੇਰ ਕੇ) ਕਿਉਂ ਨਹੀਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.